
Washington State Department of
HEALTH

COVID-19 ਵੈਕਸੀਨ ਬਾਰੇ ਹੋਰ ਜਾਣਕਾਰੀ ਲਈ ਇਸ QR ਕੋਡ ਨੂੰ ਸਕੈਨ ਕਰੋ:



# COVID-19 ਦੀ ਬਿਮਾਰੀ ਤੋਂ ਬਚਣ ਲਈ ਵੈਕਸੀਨ ਲਗਵਾਉਣਾ

**2023-2024 ਦੀਆਂ ਅੱਪਡੇਟ ਕੀਤੀਆਂ COVID-19 ਵੈਕਸੀਨਾਂ ਸੁਰੱਖਿਅਤ, ਪ੍ਰਭਾਵਸ਼ਾਲੀ ਹਨ ਅਤੇ 6 ਮਹੀਨੇ ਦੇ ਬੱਚਿਆਂ ਤੋਂ ਲੈਕੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਇਹਨਾਂ ਵੈਕਸੀਨਾਂ ਦੀ ਸਲਾਹ ਦਿੱਤੀ ਜਾਂਦੀ ਹੈ।**

64-5ਸਾਲ ਦੇ ਜ਼ਿਆਦਾਤਰ ਲੋਕਾਂ ਨੂੰ ਅੱਪ-ਟੂ-ਡੇਟ ਰਹਿਣ ਲਈ 2023-2024 ਦੀ ਅੱਪਡੇਟ ਕੀਤੀ ਵੈਕਸੀਨ ਦੀ ਸਿਰਫ਼ 1 ਖੁਰਾਕ ਦੀ ਲੋੜ ਪੈਂਦੀ ਹੈ

- 6 ਮਹੀਨੇ ਤੋਂ ਲੈਕੇ 4 ਸਾਲ ਤੱਕ ਦੇ ਬੱਚਿਆਂ ਨੂੰ COVID-19 ਵੈਕਸੀਨੇਸ਼ਨ ਦੇ ਨਾਲ ਅੱਪ-ਟੂ-ਡੇਟ ਰਹਿਣ ਲਈ 2023-2024 ਦੀ ਅੱਪਡੇਟ ਕੀਤੀ ਹੋਈ COVID-19 ਵੈਕਸੀਨ ਦੀ ਇੱਕ ਤੋਂ ਵੱਧ ਖੁਰਾਕ ਦੀ ਲੋੜ ਪੈ ਸਕਦੀ ਹੈ।
- 65 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ 2023-2024 ਦੀ ਅੱਪਡੇਟ ਕੀਤੀ COVID-19 ਵੈਕਸੀਨ ਦੀਆਂ 2 ਖੁਰਾਕਾਂ ਘੱਟੋ-ਘੱਟ 4 ਮਹੀਨਿਆਂ ਦੇ ਅੰਤਰਾਲ ਵਿੱਚ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ।
- 6 ਮਹੀਨੇ ਅਤੇ ਇਸ ਤੋਂ ਵੱਧ ਉਮਰ ਦੇ ਲੋਕ, ਜਿਹਨਾਂ ਦੀ ਇਮਿਊਨਿਟੀ ਦਰਮਿਆਨੀ ਜਾਂ ਬਹੁਤ ਹੀ ਕਮਜ਼ੋਰ ਹੈ, ਉਹਨਾਂ ਨੂੰ 3-ਖੁਰਾਕਾਂ ਦੀ ਸੀਰੀਜ਼ ਪੂਰੀ ਕਰਨੀ ਚਾਹੀਦੀ ਹੈ ਅਤੇ ਉਹ ਆਪਣੀ ਆਖਰੀ ਖੁਰਾਕ ਪ੍ਰਾਪਤ ਕਰਨ ਤੋਂ ਘੱਟੋ-ਘੱਟ 2 ਮਹੀਨਿਆਂ ਬਾਅਦ 2023-2024 ਦੀਆਂ ਅੱਪਡੇਟ ਕੀਤੀਆਂ ਗਈਆਂ ਵਾਧੂ ਖੁਰਾਕਾਂ ਪ੍ਰਾਪਤ ਕਰ ਸਕਦੇ ਹਨ।

## ਇਸ ਵੇਲੇ ਕਿਹੜੀਆਂ COVID-19 ਵੈਕਸੀਨਾਂ ਉਪਲਬਧ ਹਨ?

### Pfizer-BioNTech/Comirnaty

2023-2024 ਫਾਰਮੂਲਾ, 6 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ*

### Moderna/Spikevax

2023-2024 ਫਾਰਮੂਲਾ, 6 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ*

### Novavax

2023-2024 ਫਾਰਮੂਲਾ, 12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ

**Comirnaty ਅਤੇ Spikevax, mRNA ਵੈਕਸੀਨਾਂ ਦੇ ਬ੍ਰਾਂਡ ਦੇ ਨਾਮ ਹਨ, ਜੋ ਫ਼ਿਲਹਾਲ 12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਮਨਜ਼ੂਰਸ਼ੁਦਾ ਹਨ। Pfizer ਅਤੇ Moderna mRNA ਵੈਕਸੀਨਾਂ ਨੂੰ 6 ਮਹੀਨੇ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਮਾਨਤਾ ਪ੍ਰਾਪਤ ਹੈ।*

## ਕੀ COVID-19 ਵੈਕਸੀਨ ਦੇ ਨਾਲ ਹੀ ਦੂਜੀਆਂ ਵੈਕਸੀਨਾਂ ਲਗਾਉਣਾ ਸੁਰੱਖਿਅਤ ਹੈ?

ਹਾਂ, COVID-19 ਵੈਕਸੀਨ ਦੇ ਨਾਲ ਹੀ ਦੂਜੀਆਂ ਵੈਕਸੀਨਾਂ ਲਗਾਉਣਾ ਸੁਰੱਖਿਅਤ ਹੈ। ਦੂਜੀਆਂ ਸਿਫ਼ਾਰਸ਼ ਕੀਤੀਆਂ ਵੈਕਸੀਨਾਂ ਲਗਾਉਣ ਲਈ ਤੁਹਾਨੂੰ COVID-19 ਵੈਕਸੀਨ ਤੋਂ ਵੱਖਰਾ ਸਮਾਂ ਤੈਅ ਕਰਨ ਦੀ ਲੋੜ ਨਹੀਂ ਹੈ। COVID-19 ਵੈਕਸੀਨ ਦੀ ਅਪਾਇੰਟਮੈਂਟ, ਸਿਫ਼ਾਰਸ਼ ਕੀਤੀਆਂ ਹੋਰ ਸਾਰੀਆਂ ਵੈਕਸੀਨਾਂ ਲਗਾਉਣ ਦਾ ਇੱਕ ਹੋਰ ਮੌਕਾ ਹੈ।

## ਮੇਰੇ ਬੱਚੇ ਨੂੰ ਅੱਪ-ਟੂ-ਡੇਟ ਰਹਿਣ ਲਈ ਕਿੰਨੀਆਂ ਖੁਰਾਕਾਂ ਦੀ ਲੋੜ ਹੈ?

6 ਮਹੀਨੇ ਤੋਂ ਲੈਕੇ 4 ਸਾਲ ਤੱਕ ਦੇ ਬੱਚੇ, ਜਿਹਨਾਂ ਨੇ ਪਹਿਲਾਂ ਵੈਕਸੀਨ ਨਹੀਂ ਲਗਾਈ ਸੀ, ਉਹਨਾਂ ਨੂੰ 2023-2024 ਦੀ ਅੱਪਡੇਟ ਕੀਤੀ ਹੋਈ Moderna COVID-19 ਵੈਕਸੀਨ ਦੀਆਂ 2 ਖੁਰਾਕਾਂ ਜਾਂ 2023-2024 ਦੀ ਅੱਪਡੇਟ ਕੀਤੀ ਹੋਈ Pfizer COVID-19 ਵੈਕਸੀਨ ਦੀਆਂ 3 ਖੁਰਾਕਾਂ ਪ੍ਰਾਪਤ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

6 ਮਹੀਨੇ ਤੋਂ ਲੈਕੇ 4 ਸਾਲ ਤੱਕ ਦੇ ਬੱਚੇ, ਜਿਹਨਾਂ ਨੇ ਪਹਿਲਾਂ ਵੈਕਸੀਨ ਲਗਾਈ ਸੀ, ਉਹਨਾਂ ਨੂੰ 2023-2024 ਦੀ ਅੱਪਡੇਟ ਕੀਤੀ ਹੋਈ Moderna ਜਾਂ Pfizer COVID-19 ਵੈਕਸੀਨ ਦੀਆਂ 1 ਜਾਂ 2 ਖੁਰਾਕਾਂ ਪ੍ਰਾਪਤ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ (ਲੈਣ ਵਾਲੀਆਂ ਖੁਰਾਕਾਂ ਦਾ ਸਮਾਂ ਅਤੇ ਸੰਖਿਆ, ਪਹਿਲਾਂ ਪ੍ਰਾਪਤ ਕੀਤੀ(ਆਂ) COVID-19 ਵੈਕਸੀਨ(ਨਾਂ) ਉੱਤੇ ਨਿਰਭਰ ਕਰਦਾ ਹੈ)।

5 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬੱਚਿਆਂ ਨੂੰ ਉਦੋਂ COVID-19 ਵੈਕਸੀਨੇਸ਼ਨ ਦੇ ਨਾਲ ਅੱਪ-ਟੂ-ਡੇਟ ਮੰਨਿਆ ਜਾਂਦਾ ਹੈ ਜਦੋਂ ਉਹ 2023-2024 ਦੀ ਅੱਪਡੇਟ ਕੀਤੀ ਹੋਈ Moderna ਜਾਂ Pfizer COVID-19 ਵੈਕਸੀਨ ਦੀ ਘੱਟੋ-ਘੱਟ 1 ਖੁਰਾਕ ਪ੍ਰਾਪਤ ਕਰ ਲੈਂਦੇ ਹਨ।

12ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕ ਜਿਹਨਾਂ ਨੇ ਪਹਿਲਾਂ ਵੈਕਸੀਨ ਪ੍ਰਾਪਤ ਨਹੀਂ ਕੀਤੀ ਹੈ, ਉਹ 2023-2024 Novavax COVID-19 ਵੈਕਸੀਨ ਦੀਆਂ 2 ਖੁਰਾਕਾਂ, ਐਡਜੁਵੇਂਟਿਡ ਪ੍ਰਾਪਤ ਕਰਨ ਲਈ ਯੋਗ ਹਨ, ਹਰ ਖੁਰਾਕ ਵਿੱਚ 3 ਹਫ਼ਤਿਆਂ ਦਾ ਅੰਤਰ ਹੋਣਾ ਚਾਹੀਦਾ ਹੈ

12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕ ਜਿਹਨਾਂ ਨੇ ਪਹਿਲਾਂ COVID-19 ਵੈਕਸੀਨ ਪ੍ਰਾਪਤ ਕੀਤੀ ਹੋਈ ਹੈ (ਅਤੇ ਜਿਹਨਾਂ ਨੇ ਅਜੇ ਤੱਕ 2023-2024 mRNA COVID -19 ਵੈਕਸੀਨ ਪ੍ਰਾਪਤ ਨਹੀਂ ਕੀਤੀ ਹੈ), ਉਹ 2023-2024 Novavax COVID-19 ਵੈਕਸੀਨ ਦੀ 1 ਖੁਰਾਕ, ਐਡਜੁਵੇਂਟਿਡ ਪ੍ਰਾਪਤ ਕਰਨ ਲਈ ਯੋਗ ਹਨ

6 ਮਹੀਨੇ ਦੇ ਬੱਚੇ ਅਤੇ ਇਸ ਤੋਂ ਵੱਧ ਉਮਰ ਦੇ ਲੋਕ, ਜਿਹਨਾਂ ਦੀ ਇਮਿਊਨਿਟੀ ਦਰਮਿਆਨੀ ਜਾਂ ਬਹੁਤ ਹੀ ਕਮਜ਼ੋਰ ਹੈ, ਉਹਨਾਂ ਨੂੰ 3-ਖੁਰਾਕਾਂ ਦੀ ਸੀਰੀਜ਼ ਪੂਰੀ ਕਰਨੀ ਚਾਹੀਦੀ ਹੈ ਅਤੇ ਉਹ ਆਪਣੀ ਆਖਰੀ ਖੁਰਾਕ ਪ੍ਰਾਪਤ ਕਰਨ ਤੋਂ ਘੱਟੋ-ਘੱਟ 2 ਮਹੀਨਿਆਂ ਬਾਅਦ 2023-2024 ਦੀ ਅੱਪਡੇਟ ਕੀਤੀ ਹੋਈ COVID-19 ਵੈਕਸੀਨ ਦੀਆਂ ਇੱਕ ਜਾਂ ਵਾਧੂ ਖੁਰਾਕਾਂ ਪ੍ਰਾਪਤ ਕਰ ਸਕਦੇ ਹਨ।

ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ civil.rights@doh.wa.gov 'ਤੇ ਈਮੇਲ ਕਰੋ।

## ਕੀ COVID-19 ਵੈਕਸੀਨਾਂ ਦਾ ਕੋਈ ਖਰਚਾ ਹੈ?

18 ਸਾਲ ਅਤੇ ਇਸ ਤੋਂ ਘੱਟ ਉਮਰ ਦੇ ਸਾਰੇ ਬੱਚੇ ਬਿਨਾਂ ਕਿਸੇ ਖਰਚੇ ਦੇ Childhood Vaccine Program (ਚਾਈਲਡਹੁੱਡ ਵੈਕਸੀਨ ਪ੍ਰੋਗਰਾਮ) (ਸਿਰਫ਼ ਅੰਗਰੇਜ਼ੀ) ਰਾਹੀਂ COVID-19 ਵੈਕਸੀਨ ਲਗਵਾ ਸਕਦੇ ਹਨ। ਜੇ ਤੁਹਾਡੇ ਕੋਲ ਜਨਤਕ ਜਾਂ ਨਿੱਜੀ ਸਿਹਤ ਬੀਮਾ ਹੈ, ਤਾਂ ਤੁਹਾਡਾ ਵੈਕਸੀਨ ਪ੍ਰਦਾਤਾ ਸਿਹਤ ਬੀਮਾ ਵਾਲਿਆਂ ਨੂੰ ਵੈਕਸੀਨ ਲਗਾਉਣ ਦੀ ਫੀਸ ਦੀ ਅਦਾਇਗੀ ਕਰਨ ਲਈ ਬਿਲ ਦੇ ਸਕਦਾ ਹੈ।

19 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਸਾਰੇ ਲੋਕ, ਜਿਹਨਾਂ ਕੋਲ ਜਨਤਕ ਜਾਂ ਨਿੱਜੀ ਬੀਮਾ ਹੈ, ਉਹ ਵੀ ਬਿਨਾਂ ਕਿਸੇ ਖਰਚੇ ਦੇ COVID-19 ਵੈਕਸੀਨ ਲਗਵਾ ਸਕਦੇ ਹਨ। Coronavirus Aid, Relief, and Economic Security Act (CARES Act, ਕੋਰੋਨਾਵਾਇਰਸ ਸਹਾਇਤਾ, ਰਾਹਤ ਅਤੇ ਆਰਥਿਕ ਸੁਰੱਖਿਆ ਕਾਨੂੰਨ) (ਸਿਰਫ਼ ਅੰਗਰੇਜ਼ੀ) ਦੇ ਤਹਿਤ, ਪਲਾਨ ਅਤੇ ਜਾਰੀਕਰਤਾਵਾਂ ਦੇ ਲਈ ਇਹ ਲਾਜ਼ਮੀ ਹੈ ਕਿ ਉਹ ਕਿਸੇ ਵੀ COVID-19 ਵੈਕਸੀਨ ਨੂੰ Food and Drug Administration (FDA, ਭੋਜਨ ਅਤੇ ਦਵਾ ਪ੍ਰਸ਼ਾਸਨ) ਵੱਲੋਂ ਮਨਜ਼ੂਰੀ ਅਤੇ ਮਾਨਤਾ ਮਿਲਣ ਤੋਂ ਤੁਰੰਤ ਬਾਅਦ ਉਸ ਵੈਕਸੀਨ ਨੂੰ ਬਿਨਾਂ ਕਿਸੇ ਲਾਗਤ ਦੇ ਕਵਰ ਕਰਨ।

ਜਿਹਨਾਂ ਬਾਲਗਾਂ ਕੋਲ ਬੀਮਾ ਨਹੀਂ ਹੈ ਜਾਂ ਜਿਹਨਾਂ ਦਾ ਬੀਮਾ ਵੈਕਸੀਨ ਨੂੰ ਕਵਰ ਨਹੀਂ ਕਰਦਾ, ਉਹ Bridge Access Program (ਬ੍ਰਿਜ ਐਕਸੈੱਸ ਪ੍ਰੋਗਰਾਮ) ਰਾਹੀਂ COVID-19 ਵੈਕਸੀਨ ਲਗਵਾ ਸਕਦੇ ਹਨ, ਇਸ ਪ੍ਰੋਗਰਾਮ ਅਧੀਨ ਪੂਰੇ ਵਾਸ਼ਿੰਗਟਨ ਵਿੱਚ ਚੋਣਵੀਂਆਂ ਫਾਰਮੇਸੀਆਂ ਅਤੇ ਹੋਰ ਬਾਲਗ ਵੈਕਸੀਨ ਪ੍ਰਦਾਤਾਵਾਂ ਨਾਲ ਪਾਰਟਨਰਸ਼ਿਪ ਸ਼ਾਮਲ ਹੈ। Centers for Disease Control and Prevention (CDC, ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰ) ਦਾ Bridge Access Program ਉਹਨਾਂ ਬਾਲਗਾਂ ਨੂੰ ਮੁਫ਼ਤ ਵਿੱਚ COVID-19 ਵੈਕਸੀਨ ਉਪਲਬਧ ਕਰਵਾਉਂਦਾ ਹੈ ਜਿਹਨਾਂ ਕੋਲ ਸਿਹਤ ਬੀਮਾ ਨਹੀਂ ਹੈ ਜਾਂ ਜਿਹਨਾਂ ਦਾ ਬੀਮਾ COVID-19 ਵੈਕਸੀਨ ਦਾ ਸਾਰਾ ਖਰਚਾ ਕਵਰ ਨਹੀਂ ਕਰਦਾ ਹੈ। ਇਸ ਪ੍ਰੋਗਰਾਮ ਰਾਹੀਂ ਬਿਨਾਂ ਕਿਸੇ ਖਰਚੇ ਨਾਲ COVID-19 ਵੈਕਸੀਨਾਂ 31 ਦਸੰਬਰ, 2024 ਤੱਕ ਉਪਲਬਧ ਰਹਿਣਗੀਆਂ। Bridge Access Program ਵਿੱਚ ਭਾਗ ਲੈਣ ਵਾਲੇ ਸਥਾਨਾਂ ਬਾਰੇ ਜਾਣਨ ਲਈ, ਕਿਰਪਾ ਕਰਕੇ vaccines.gov 'ਤੇ ਜਾਓ।

### ਸੰਪਰਕ ਕਰੋ

Covid.Vaccine@doh.wa.gov
360-236-3642

COVID-19 ਵੈਕਸੀਨੇਸ਼ਨ ਲਈ ਕਲੀਨਿਕਲ ਹਿਦਾਇਤਾਂ - https://www.cdc.gov/vaccines/covid-19/clinical-considerations/interim-considerations-us.html#covid-vaccines

Childhood Vaccine Program - https://doh.wa.gov/public-health-healthcare-providers/public-health-system-resources-and-services/immunization/childhood-vaccine-program

CARES Act - https://www.dol.gov/sites/dolgov/files/EBSA/about-ebsa/our-activities/resource-center/faqs/aca-part-50.pdf

Bridge Access Program - https://www.cdc.gov/vaccines/programs/bridge/index.html

Vaccines.gov - https://www.vaccines.gov/